# ਫਾਰਮ ਹਾਉਸਾਂ ਵਿੱਚ ਕੀਟਨਾਸ਼ਕਾਂ ਦੀ ਸਟੋਰਿੰਗ, ਉਨ੍ਹਾਂ ਨੂੰ ਲਿਜਾਣਾ ਅਤੇ ਉਨ੍ਹਾਂ ਦਾ ਨਿਪਟਾਰਾ




**ਕੀਟਨਾਸ਼ਕ ਜ਼ਹਿਰੀਲੇ ਹੁੰਦੇ ਹਨ, ਅਤੇ ਉਨ੍ਹਾਂ ਨੂੰ ਹੋਰਨਾਂ ਦੀ, ਵਿਸ਼ੇਸ਼ ਤੌਰ ਤੇ ਬੱਚਿਆਂ ਦੀ ਚਿੰਤਾ ਕਰਦਿਆਂ ਬੜੀ ਚੌਕਸੀ ਨਾਲ ਸਟੋਰ ਜਾਂ ਨਸ਼ਟ ਕਰਨਾ ਚਾਹੀਦਾ ਹੈ।** ਹਰ ਸਾਲ ਉਨ੍ਹਾਂ ਕੀਟਨਾਸ਼ਕਾਂ, ਜਿਨ੍ਹਾਂ ਨੂੰ ਕਿਸੇ ਨੇ ਦੂਰ ਨਹੀਂ ਰੱਖਿਆ ਹੁੰਦਾ ਜਾਂ ਸਹੀ ਢੰਗ ਨਾਲ ਸੁੱਟਿਆ ਨਹੀਂ ਹੁੰਦਾ, ਕਈ ਬੱਚਿਆਂ ਵਿੱਚ ਕੀਟਨਾਸ਼ਕਾਂ ਨੂੰ ਖਾਣ ਜਾਂ ਪੀਣ ਨਾਲ ਜ਼ਹਿਰ ਫੈਲ ਜਾਂਦਾ ਹੈ। ਜੇ ਤੁਸੀਂ ਇਸ ਲੀਫ਼ਲੈਟ (ਪਰਚੇ) ਵਿੱਚ ਦਿੱਤੀਆਂ ਹਿਦਾਇਤਾਂ ਦੀ ਪਾਲਣਾ ਕਰਦੇ ਹੋ, ਤਾਂ ਤੁਸੀਂ ਕੀਟਨਾਸ਼ਕਾਂ ਨਾਲ ਹੁੰਦੇ ਹਾਦਸਿਆਂ ਨੂੰ ਰੋਕ ਸਕਦੇ ਹੋ।

## ਯਾਦ ਰੱਖਣ ਵਾਲੀਆਂ ਬਹੁਤ ਅਹਿਮ ਗੱਲਾਂ

- ਕੀਟਨਾਸ਼ਕਾਂ ਨੂੰ ਉਨ੍ਹਾਂ ਦੇ ਅਸਲ ਕੰਟੇਨਰਾਂ ਵਿੱਚ ਹੀ ਰੱਖੋ।
- ਕੀਟਨਾਸ਼ਕਾਂ ਨੂੰ ਖ਼ੁਰਾਕ, ਖਾਣ-ਪੀਣ ਜਾਂ ਘਰੇਲੂ ਉਤਪਾਦਾਂ ਵਾਲੇ ਡੱਬਿਆਂ ਵਿੱਚ ਨਾ ਪਾਉ।
- ਕੰਮ ਤੇ ਇਸਤੇਮਾਲ ਕੀਤੇ ਜਾਣ ਵਾਲੇ ਕੋਈ ਵੀ ਕੀਟਨਾਸ਼ਕ ਘਰ ਵਿੱਚ ਨਾ ਲਿਆਉ।

## ਸਟੋਰੇਜ

ਕੋਈ ਵੀ ਕੰਮ ਉਸ ਸਮੇਂ ਤਕ ਪੂਰਾ ਨਹੀਂ ਹੁੰਦਾ, ਜਦ ਤਕ ਕੀਟਨਾਸ਼ਕ, ਕੰਟੇਨਰ ਅਤੇ ਉਪਕਰਣਾਂ ਨੂੰ ਸਹੀ ਢੰਗ ਨਾਲ ਦੂਰ ਨਹੀਂ ਰੱਖਿਆ ਜਾਂਦਾ। ਆਪਣੇ ਸਰੀਰ ਦੀ ਸਫਾਈ ਅਤੇ ਘਰ ਜਾਣ ਜਾਂ ਕੋਈ ਹੋਰ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਆਪਣਾ ਸਾਰਾ ਸਾਮਾਨ ਸੁਰੱਖਿਅਤ ਤਰੀਕੇ ਨਾਲ ਰੱਖਣਾ ਹਮੇਸ਼ਾ ਯਾਦ ਰੱਖੋ। ਜਦੋਂ ਤੁਸੀਂ ਸਫਾਈ ਅਤੇ ਸਾਰੇ ਕੀਟਨਾਸ਼ਕ ਕੰਟੇਨਰਾਂ ਅਤੇ ਉਪਕਰਣਾਂ ਨੂੰ ਸਾਂਭ ਕੇ ਦੂਰ ਰੱਖੋਗੇ, ਉਸ ਸਮੇਂ ਤੁਹਾਨੂੰ ਸਾਰੇ ਨਿੱਜੀ ਸੁਰੱਖਿਆ ਦੇ ਉਪਕਰਣ ਜੋ ਤੁਸੀਂ ਕੰਮ ਤੇ ਇਸਤੇਮਾਲ ਕਰਦੇ ਹੋ, ਪਾ ਕੇ ਰੱਖਣੇ ਚਾਹੀਦੇ ਹਨ। ਦਸਤਾਨੇ ਅਤੇ ਹੋਰ ਸੁਰੱਖਿਆ ਉਪਕਰਣ ਭਾਵੇਂ ਲੇਬਲ ਤੇ ਉਨ੍ਹਾਂ ਨੂੰ ਪਾਣ ਦੀ ਜ਼ਰੂਰਤ ਨਾ ਦੱਸੀ ਗਈ ਹੋਵੇ, ਪਾਣ ਬਾਰੇ ਸੋਚੋ। ਕਿਉਂਕਿ ਕੀਟਨਾਸ਼ਕਾਂ ਨੂੰ ਇਧਰ ਉਧਰ ਰੱਖਦਿਆਂ ਉਹ ਅਕਸਰ ਛਲਕ ਜਾਂਦੇ ਹਨ ਅਤੇ ਹਾਦਸੇ ਹੋ ਸਕਦੇ ਹਨ।

## ਕੀਟਨਾਸ਼ਕਾਂ ਨੂੰ ਕਿਸ ਤਰ੍ਹਾਂ ਸਟੋਰ ਕਰਨਾ ਚਾਹੀਦਾ ਹੈ ?

ਕੀਟਨਾਸ਼ਕ ਅਤੇ ਉਨ੍ਹਾਂ ਦੇ ਖਾਲੀ ਕੰਟੇਨਰਾਂ ਨੂੰ ਜਾਂ ਤਾਲਾ ਲਗੀ ਹੋਈ ਜਗਹ ਤੇ ਜਾਂ ਇਕ ਅਜਿਹੇ ਵਿਅਕਤੀ ਦੀ ਕੰਟਰੋਲ ਵਿੱਚ ਰੱਖਣੇ ਚਾਹੀਦੇ ਹਨ ਜੋ ਉਨ੍ਹਾਂ ਤੋਂ ਹੋਰ ਲੋਕਾਂ ਨੂੰ ਦੂਰ ਰੱਖ ਸਕਦਾ ਹੋਵੇ। ਜੇ ਉਸ ਜਗਹ ਤੇ ਤਾਲਾ ਨਹੀਂ ਲਗਾ ਹੋਇਆ, ਤਾਂ ਉਹ ਵਿਅਕਤੀ ਜਿਸ ਦੀ ਨਿਗਰਾਨੀ ਤਹਿਤ ਉਹ ਹਨ, ਹੋਰਨਾਂ ਨੂੰ ਉਨ੍ਹਾਂ ਤੋਂ ਦੂਰ ਰੱਖਣ ਲਈ ਹਰ ਸਮੇਂ ਉਨ੍ਹਾਂ ਤੇ ਨਜ਼ਰ ਰੱਖ ਸਕੇ।

ਲੇਬਲ ਤੁਹਾਨੂੰ ਕੀਟਨਾਸ਼ਕਾਂ ਨੂੰ ਸਟੋਰ ਕਰਨ ਦੇ ਸਹੀ ਤਰੀਕੇ ਦੱਸੇਗਾ। ਉੱਥੇ ਲਿਖੀਆ ਹਿਦਾਇਤਾਂ ਨੂੰ ਪੜ੍ਹੋ ਅਤੇ ਉਨ੍ਹਾਂ ਦੀ ਪਾਲਣਾ ਕਰੋ। ਜੇ ਤੁਸੀਂ ਕੀਟਨਾਸ਼ਕਾਂ ਅਤੇ ਖਾਦਾਂ ਨੂੰ ਇਕੋ ਜਗਹ ਤੇ ਸਟੋਰ ਕਰਨਾ ਹੈ ਤਾਂ ਉਨ੍ਹਾਂ ਨੂੰ ਵੱਖਰਾ-ਵੱਖਰਾ ਰੱਖੋ। ਕੀਟਨਾਸ਼ਕ ਅਤੇ ਖਾਦ ਇਕ ਦੂਜੇ ਨਾਲ ਰਲਕੇ ਆਪਣਾ ਪ੍ਰਤੀਕਰਮ ਕਰ ਸਕਦੇ ਹਨ ਅਤੇ ਅੱਗ ਲਗਾ ਸਕਦੇ ਹਨ।

ਕੀਟਨਾਸ਼ਕਾਂ ਨੂੰ ਖੁਰਾਕ, ਜਾਨਵਰਾਂ ਦੇ ਚਾਰੇ ਜਾਂ ਨਿੱਜੀ ਸੁਰੱਖਿਆ ਉਪਕਰਣ ਦੇ ਨੇੜੇ ਸਟੋਰ ਨਾ ਕਰੋ। ਉਹ ਕੀਟਨਾਸ਼ਕਾਂ ਦੇ ਨੇੜੇ ਦੂਸ਼ਤ ਹੋ ਸਕਦੇ ਹਨ ਅਤੇ ਹੋਰਨਾ ਲੋਕਾਂ ਜਾਂ ਜਾਨਵਰਾਂ ਨੂੰ ਬੀਮਾਰ ਕਰ ਸਕਦੇ ਹਨ।

ਕੀਟਨਾਸ਼ਕਾਂ ਨੂੰ ਸਟੋਰ ਕਰਨ ਦੇ ਕੁਝ ਪ੍ਰਵਾਨਿਤ ਤਰੀਕੇ ਹਨ:

- ਇਕ ਤਾਲਾ ਲੱਗੀ ਹੋਈ ਵੱਖਰੀ ਜਗਹ।
- ਇਕ ਤਾਲੇ ਵਾਲਾ ਸਟੋਰੇਜ ਕੰਪਾਰਟਮੈਂਟ।
- ਇਕ ਟਰੱਕ ਜਾਂ ਟਰੇਲਰ ਜਿਸਦੇ ਸਾਈਡ ਰੈਕਸਾਂ ਤੇ ਤਾਲਾ ਲਗ ਸਕਦਾ ਹੋਵੇ। (ਰੈਕਾਂ ਦਾ ਉਪਰਲਾ ਹਿੱਸਾ ਜ਼ਮੀਨ ਤੋਂ ਘੱਟੋ ਘੱਟ 6 ਫੁੱਟ ਉੱਚਾ ਹੋਵੇ)।

ਸੁਰੱਖਿਆ ਗੁਰ

**2**

ਕਿਸੇ ਕੀਟਨਾਸ਼ਕ ਦਾ ਇਸਤੇਮਾਲ ਕਰਨ ਤੋਂ ਪਹਿਲਾਂ ਹਮੇਸ਼ਾ ਉਸ ਤੇ ਲਗਾ ਲੇਬਲ ਪੜ੍ਹੋ।

**ਜੇ ਤੁਸੀਂ ਇਸਨੂੰ ਪੜ੍ਹ ਨਹੀਂ ਸਕਦੇ, ਤਾਂ ਆਪਣੇ ਸੁਪਰਵਾਈਜ਼ਰ ਨੂੰ ਦੱਸਣ ਲਈ ਕਹੋ, ਕਿ ਉਸ ਵਿੱਚ ਕੀ ਲਿਖਿਆ ਹੋਇਆ ਹੈ।**

## ਕੀਟਨਾਸ਼ਕਾਂ ਨੂੰ ਸੁਰੱਖਿਅਤ ਤਰੀਕੇ ਨਾਲ ਲਿਜਾਣਾ

ਜਦੋ ਤੁਸੀਂ ਕੀਟਨਾਸ਼ਕਾਂ ਨੂੰ ਥੋੜ੍ਹੀ ਦੂਰ ਲਿਜਾ ਰਹੇ ਹੁੰਦੇ ਹੋ, ਤਾਂ ਵੀ ਹਾਦਸੇ ਹੋ ਸਕਦੇ ਹਨ। ਜੇ ਕੋਈ ਹਾਦਸਾ ਹੋ ਜਾਏ, ਤਾਂ ਕੀਟਨਾਸ਼ਕ ਤੁਹਾਨੂੰ ਅਤੇ ਸ਼ਾਇਦ ਹੋਰਨਾ ਨੂੰ ਵੀ ਬੀਮਾਰ ਕਰ ਸਕਦਾ ਹੈ ਜਾਂ ਵਾਤਾਵਰਣ ਨੂੰ ਦੂਸ਼ਤ ਕਰ ਸਕਦਾ ਹੈ।

## ਕੀਟਨਾਸ਼ਕ ਲੈ ਕੇ ਜਾਣ ਲਈ ਮੈਨੂੰ ਹੋਰ ਕੀ ਜਾਣਨ ਦੀ ਜ਼ਰੂਰਤ ਹੈ ?

### ਇਨ੍ਹਾਂ ਨਿਯਮਾਂ ਤੇ ਅਮਲ ਕਰੋ:

- ਕੀਟਨਾਸ਼ਕ ਕਦੇ ਵੀ ਆਪਣੀ ਕਾਰ, ਕਾਰ ਦੀ ਡਿੱਗੀ, ਵੈਨ, ਜਾਂ ਟਰੱਕ ਕੈਬ ਵਿੱਚ ਨਾ ਲਿਜਾਉ। ਖ਼ਤਰਨਾਕ ਹਵਾੜਾ ਨਿਕਲ ਸਕਦੀਆਂ ਹਨ। ਜੇ ਕੀਟਨਾਸ਼ਕਾਂ ਤੁਹਾਡੇ ਜਾਂ ਤੁਹਾਡੇ ਮੁਸਾਫਰਾਂ ਤੇ ਡੁੱਲ੍ਹ ਜਾਣ, ਤਾਂ ਕੋਈ ਜਖ਼ਮੀ ਹੋ ਸਕਦਾ ਹੈ ਅਤੇ ਕਿਸੇ ਦੀ ਮੌਤ ਵੀ ਹੋ ਸਕਦੀ ਹੈ। ਸੀਟ ਕਵਰਾਂ ਤੇ ਕੀਟਨਾਸ਼ਕਾਂ ਦੇ ਡੁੱਲ੍ਹੇ ਹੋਏ ਨਿਸ਼ਾਨ ਬੜੀ ਮੁਸ਼ਕਲ ਨਾਲ ਹਟਦੇ ਹਨ। ਜੇ ਇਨ੍ਹਾਂ ਨੂੰ ਠੀਕ ਤਰੀਕੇ ਨਾਲ ਸਾਫ਼ ਨਾ ਕੀਤਾ ਜਾਏ ਤਾਂ ਕੁਝ ਦਿਨ ਜਾਂ ਹਫ਼ਤਿਆਂ ਬਾਅਦ ਵੀ ਇਹ ਕੀਟਨਾਸ਼ਕ ਲੋਕਾਂ ਨੂੰ ਬੀਮਾਰ ਕਰ ਸਕਦੇ ਹਨ।
- ਕੰਟਨੇਰਾਂ ਨੂੰ ਕਸਕੇ ਬੰਦ ਕਰੋ।
- ਵਾਹਨ ਮੋੜ ਕਟਦੇ ਹਨ ਅਤੇ ਅਚਾਨਕ ਚਲ ਪੈਂਦੇ ਅਤੇ ਰੁਕ ਜਾਂਦੇ ਹਨ। ਕੀਟਨਾਸ਼ਕਾਂ ਨੂੰ ਛਲਕਣ ਤੋਂ ਰੋਕਣ ਲਈ ਇਹ ਯਕੀਨੀ ਬਣਾਉ ਕਿ ਉਹ ਸੁਰੱਖਿਅਤ ਅਤੇ ਸਿੱਧੀ ਪੋਜ਼ੀਸ਼ਨ ਵਿੱਚ ਹਨ।
- ਯਕੀਨੀ ਬਣਾਉ ਕਿ ਕੀਟਨਾਸ਼ਕਾਂ ਦੇ ਸਾਰੇ ਕੰਟੇਨਰਾਂ ਤੇ ਲੇਬਲ ਲਗੇ ਹੋਣ।
- ਜੇ ਕੀਟਨਾਸ਼ਕ ਨੂੰ ਕਿਸੇ ਹੋਰ ਕੰਟੇਨਰ ਵਿੱਚ ਪਾਇਆ ਗਿਆ ਹੈ ਤਾਂ ਤੁਹਾਨੂੰ ਇਸ ਤੇ ਲੇਬਲ ਲਗਾਣਾ ਚਾਹੀਦਾ ਹੈ, ਜਿਸ ਵਿੱਚ ਕੀਟਨਾਸ਼ਕ ਦਾ **ਨਾਂਅ**, **ਸੰਕੇਤ ਸ਼ਬਦ** (ਖ਼ਤਰਾ, ਚੇਤਾਵਨੀ, ਸਾਵਧਾਨੀ) ਅਤੇ ਉਸ ਲਈ ਜ਼ਿੰਮੇਵਾਰ **ਵਿਅਕਤੀ ਦਾ ਪਤਾ** ਅਤੇ ਨਾਂਅ ਹੋਣਾ ਚਾਹੀਦਾ ਹੈ।
- ਜਦੋਂ ਤੁਸੀਂ ਕੀਟਨਾਸ਼ਕ ਨੂੰ ਇਕ ਖੁੱਲ੍ਹੇ ਟਰੱਕ ਵਿੱਚ ਲਿਜਾ ਰਹੇ ਹੋਵੋ, ਤਾਂ ਵਾਹਨ ਨੂੰ ਕਦੇ ਵੀ ਆਪਣੀਆਂ ਨਜ਼ਰ ਤੋਂ ਉਹਲੇ ਨਾ ਕਰੋ। ਜੇ ਬੇਧਿਆਨੇ ਕੀਟਨਾਸ਼ਕਾਂ ਨਾਲ ਕਿਸੇ ਵਿਅਕਤੀ ਵਿੱਚ ਜ਼ਹਿਰ ਫੈਲਣ ਦਾ ਹਾਦਸਾ ਅਚਾਨਕ ਹੋ ਗਿਆ ਤਾਂ ਉਸ ਲਈ ਤੁਸੀਂ ਜ਼ਿੰਮੇਵਾਰ ਹੋਵੋਗੇ।

## ਮੈਂ ਕੰਟੇਨਰਾਂ ਨੂੰ ਸਾਫ਼ ਕਰਨ ਲਈ ਕਿਸ ਤਰ੍ਹਾਂ ਹੰਗਾਲਾਂ ?

ਕੰਟੇਨਰਾਂ ਨੂੰ ਖਾਲੀ ਹੁੰਦਿਆਂ ਸਾਰ ਹੰਗਾਲ ਦੇਣਾ ਚਾਹੀਦਾ ਹੈ। ਜੇ ਤੁਸੀਂ ਬੰਦ/ਮਿਕਸ ਸਿਸਟਮ ਇਸਤੇਮਾਲ ਕਰ ਰਹੇ ਹੋ, ਤਾਂ ਉਪਕਰਣ ਆਪਣੇ ਆਪ ਸਫ਼ਾਈ ਕਰਨਗੇ ਅਤੇ ਹੰਗਾਲਣਗੇ। ਨਹੀਂ ਤਾਂ ਤੁਸੀਂ ਹੇਠ ਲਿਖੇ ਤਰੀਕਿਆਂ ਵਿੱਚੋਂ ਕੋਈ ਤਰੀਕਾ ਇਸਤੇਮਾਲ ਕਰ ਸਕਦੇ ਹੋ।

### ਤਰੀਕਾ #1

1. ਸਾਰੇ ਨਿੱਜੀ ਸੁਰੱਖਿਆ ਉਪਕਰਣ (PPE) ਪਾਉ।
2. ਕੀਟਨਾਸ਼ਕ ਕੰਟੇਨਰ ਦਾ ਲਗਭਗ ਇਕ ਚੌਥਾਈ ਹਿੱਸਾ ਪਾਣੀ ਨਾਲ ਭਰੋ।
3. ਇਸ ਨੂੰ ਕਸਕੇ ਬੰਦ ਕਰ ਦਿਉ ਅਤੇ ਹਿਲਾਉ।
4. ਹੰਗਾਲਿਆ ਹੋਇਆ ਸਾਰਾ ਪਾਣੀ ਮਿਕਸ ਟੈਂਕ ਵਿੱਚ ਪਾਉ ਤਾਕਿ ਇਹ ਕੀਟਨਾਸ਼ਕ ਨਾਲ ਚਲਾ ਜਾਏ।
5. ਇਸ ਸਾਰੇ ਅਮਲ 2, 3 ਅਤੇ ਚੌਥੇ ਕਦਮ ਨੂੰ ਘੱਟੋ ਘੱਟ ਦੋ ਵਾਰ ਹੋਰ ਦੁਹਰਾਉ।

### ਤਰੀਕਾ #2 (ਉਪਕਰਣ ਲਈ ਜੋ ਹੰਗਾਲਣ ਵਾਲੀ ਯੂਨਿਟ ਵਿੱਚ ਹੈ)

1. ਲੋੜੀਂਦੇ ਨਿੱਜੀ ਸੁਰੱਖਿਆ ਉਪਕਰਣ (PPE) ਪਾਉ।
2. ਕੰਟੇਨਰ ਦਾ ਮੂੰਹ ਮਸ਼ੀਨ ਦੀ ਨੋਜ਼ਲ ਤੇ ਰੱਖੋ ਤਾਂ ਜੋ ਸਾਰਾ ਤਰਲ ਪਦਾਰਥ ਟੈਂਕ ਵਿੱਚ ਚਲਾ ਜਾਏ।
3. ਨੌਜ਼ਲ ਨੂੰ ਖੋਲ੍ਹ ਦਿਉ ਅਤੇ ਓਨੀ ਦੇਰ ਤਕ ਹੰਗਾਲੋ ਜਦ ਤਕ ਉਹ ਸਾਫ਼ ਨਾ ਹੋ ਜਾਏ।

## ਮੈਨੂੰ ਕੀਟਨਾਸ਼ਕ ਦੇ ਖਾਲੀ ਕੰਟੇਨਰਾਂ ਦਾ ਕੀ ਕਰਨਾ ਚਾਹੀਦਾ ਹੈ?

ਕੀਟਨਾਸ਼ਕਾਂ ਦੇ ਖਾਲੀ ਕੰਟੇਨਰ ਅਸਲ ਵਿੱਚ ਕਦੀ ਵੀ ਪੂਰੀ ਤਰ੍ਹਾਂ "ਖਾਲੀ" ਨਹੀਂ ਹੁੰਦੇ। ਉਨ੍ਹਾਂ ਨੂੰ ਪੂਰੀ ਤਰ੍ਹਾਂ ਹੰਗਾਲਣ ਤੋਂ ਬਾਅਦ ਵੀ ਉਨ੍ਹਾਂ ਵਿੱਚ ਕੀਟਨਾਸ਼ਕ ਦੀ ਕੁਝ ਮਾਤਰਾ ਰਹਿ ਜਾਂਦੀ ਹੈ। ਉਹਨਾਂ ਨੂੰ ਕਦੇ ਵੀ ਤਲਾਬਾਂ, ਨਾਲਿਆਂ, ਖੇਤਾਂ ਜਾਂ ਖਾਲੀ ਇਮਾਰਤਾਂ ਵਿੱਚ ਨਾ ਸੁੱਟੋ। ਉਨ੍ਹਾਂ ਸਭ ਕੀਟਨਾਸ਼ਕ ਕੰਟੇਨਰਾਂ ਦਾ ਧਿਆਨ ਕਰੋ, ਜਿਨ੍ਹਾਂ ਨੂੰ ਤੁਸੀਂ ਆਪਣੇ ਕੰਮ ਵਿੱਚ ਇਸਤੇਮਾਲ ਕੀਤਾ ਹੈ। ਕਦੀ ਵੀ ਬੱਚਿਆਂ ਜਾਂ ਹੋਰ ਵਿਅਕਤੀਆਂ ਨੂੰ ਖਾਲੀ ਕੰਟੇਨਰਾਂ ਨੂੰ ਛੂਹਣ ਦੀ ਇਜ਼ਾਜ਼ਤ ਨਾ ਦਿਉ ਅਤੇ ਨਾ ਕਦੀ ਉਹਨਾ ਨੂੰ ਕਿਸੇ ਹੋਰ ਕੰਮ ਲਈ ਵਰਤੋ। ਤੁਸੀਂ ਹਰ ਇਕ ਖਾਲੀ ਹੋਏ ਕੀਟਨਾਸ਼ਕ ਕਂਟੇਨਰ ਨੂੰ ਚੰਗੀ ਤਰ੍ਹਾਂ ਹੰਗਾਲੋ। ਖਾਲੀ ਕੰਟੇਨਰਾਂ ਨੂੰ ਸਹੀ ਤਰ੍ਹਾਂ ਨਿਪਟਾਰਾ ਕਰਨਾ ਚਾਹੀਦਾ ਹੈ।

ਆਪਣੇ ਮਾਲਿਕ ਨੂੰ ਪੁੱਛੋ ਕਿ ਕਿਵੇਂ ਕੰਟੇਨਰਾਂ ਦਾ ਨਿਪਟਾਰਾ ਕਿਵੇਂ ਕਰਨਾ ਹੈ। ਕਾਉਂਟੀ ਦਾ ਖੇਤੀਬਾੜੀ ਕਮਿਸ਼ਨਰ ਤੁਹਾਨੂੰ ਦੱਸੇਗਾ ਕਿ ਕੀਟਨਾਸ਼ਕ ਦੇ ਖਾਲੀ ਡੱਬਿਆਂ (ਬੈਗਾਂ) ਦਾ ਨਿਪਟਾਰਾ ਕਿਸ ਤਰ੍ਹਾਂ ਕਰਨਾ ਹੈ। ਜਦ ਤਕ ਉਨ੍ਹਾਂ ਨਾਲ ਨਿਪਟ ਨਾ ਲਿਆ ਜਾਏ ਸਾਰੇ ਖਾਲੀ ਬੈਗਾਂ ਅਤੇ ਖਾਲੀ ਕੰਟੇਨਰਾਂ ਨੂੰ ਤਾਲੇ ਵਿੱਚ ਰੱਖੋ।

## ਕੀ ਕੋਈ ਹੋਰ ਨਿਯਮ ਵੀ ਹਨ?

ਕੀਟਨਾਸ਼ਕ ਦੇ ਆਧਾਰ ਤੇ, ਹੋ ਸਕਦਾ ਹੈ ਕਿ ਕੋਈ ਵਾਧੂ ਨਿਯਮ ਹੋਣ। ਜੇ ਤੁਸੀਂ ਕੀਟਨਾਸ਼ਕ ਲਿਜਾ ਰਹੇ ਹੋ, ਤੁਹਾਨੂੰ ਸਾਰੇ ਨਿਯਮਾਂ ਬਾਰੇ ਟਰੇਨਿੰਗ ਹਾਸਲ ਕਰਨੀ ਚਾਹੀਦੀ ਹੈ। ਜੇ ਤੁਸੀਂ ਕੁਝ ਦਿਨਾਂ ਵਿੱਚ ਇਸਤੇਮਾਲ ਕਰਨ ਤੋਂ ਜ਼ਿਆਦਾ ਕੀਟਨਾਸ਼ਕ ਲਿਜਾ ਰਹੇ ਹੋ, ਤਾਂ ਤੁਹਾਨੂੰ ਅਤੇ/ਜਾਂ ਤੁਹਾਡੇ ਮਾਲਿਕ ਨੂੰ ਕੈਲੀਫ਼ੋਰਨੀਆ ਹਾਈਵੇ ਪੈਟਰੋਲ (California Highway Patrol), ਮੋਟਰ ਕੈਰੀਅਰ ਸੇਫ਼ਟੀ ਯੂਨਿਟ (Motor Carrier Safety Unit) ਨਾਲ ਸੰਪਰਕ ਕਰਨਾ ਚਾਹੀਦਾ ਹੈ। ਹਾਈਵੇ ਪੈਟਰੋਲ ਟੈਲੀਫ਼ੋਨ ਨੰਬਰ ਆਪਣੇ ਟੈਲੀਫ਼ੋਨ ਦੇ ਸਰਕਾਰੀ ਪੰਨਿਆਂ ਵਾਲੇ ਹਿੱਸੇ ਤੋਂ ਲੈ ਸਕਦੇ ਹੋ। ਤੁਸੀਂ ਕਾਉਂਟੀ ਖੇਤੀਬਾੜੀ ਕਮਿਸ਼ਨਰ ਦੇ ਦਫ਼ਤਰ ਤੋਂ ਵੀ ਇਹ ਨੰਬਰ ਪੁੱਛ ਸਕਦੇ ਹੋ।



*ਜੇ ਤੁਹਾਨੂੰ ਉਹ ਸਾਰੀ ਜਾਣਕਾਰੀ ਜੋ ਤੁਹਾਨੂੰ ਟਰੇਨਿੰਗ ਵਿੱਚ ਚਾਹੀਦੀ ਹੈ, ਨਹੀਂ ਮਿਲਦੀ ਤਾਂ ਤੁਹਾਨੂੰ ਕਾਉਂਟੀ ਦੇ ਖੇਤੀਬਾੜੀ ਕਮਿਸ਼ਨਰ ਜਾਂ ਕੀਟਨਾਸ਼ਕਾਂ ਦੇ ਨਿਯਮਾਂ ਬਾਰੇ ਵਿਭਾਗ (DPR) ਨੂੰ ਫੋਨ ਕਰਨਾ ਚਾਹੀਦਾ ਹੈ। ਤੁਸੀਂ ਕਮਿਸ਼ਨਰ ਦਾ ਨੰਬਰ ਆਪਣੀ ਚਿੱਟੇ ਪੰਨਿਆ ਵਾਲੀ ਸਥਾਨਕ ਡਾਇਰੈਕਟਰੀ 1-87PestLine ਤੋਂ ਲੈ ਸਕਦੇ ਹੋ ਜਾਂ*

**http://www.cdfa.ca.gov/exec/county/countymap/**

**DPR ਦੇ ਖੇਤਰੀ ਦਫ਼ਤਰ ਹਨ:**

- ਨਾਰਦਰਨ (ਵੈਸਟ ਸੈਕਰਾਮੈਂਟੋ) 916/376-8960
- ਸੈਂਟਰਲ (ਫ੍ਰੈਸਨੋ) 559/297-3511
- ਸਦਰਨ (ਐਨਾਹਾਈਮ) 714/279-7690

**ਕੀਟਨਾਸ਼ਕ ਬਾਰੇ ਸ਼ਿਕਾਇਤ?**

**1-87PestLine**

**ਜਾਣਕਾਰੀ ਲਾਈਨ**

**1-877-378-5463**